LEARN SPEAK LIVE ENGLISH CLASSES

# ਆਪਣੇ ਅੰਗਰੇਜ਼ੀ ਪੜ੍ਹਨ, ਲਿੱਖਣ, ਅਤੇ ਬੋਲਣ ਦੇ ਹੁਨਰਾਂ ਨੂੰ ਸੁਧਾਰੋ

ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਸਭ ਤੋਂ ਵੱਡੀ ਵੰਗਾਰ ਅੰਗਰੇਜ਼ੀ ਸਿੱਖਣੀ ਹੁੰਦੀ ਹੈ। ਪਰ, ਕੋਈ ਨੌਕਰੀ (ਕੰਮ) ਲੈਣ ਅਤੇ ਤੁਹਾਡੀ ਰੋਜ਼ਾਨਾ ਜ਼ਿੰਦਗੀ ਵਿੱਚ ਮਦਦ ਕਰਨ ਲਈ ਅੰਗਰੇਜ਼ੀ ਸਿੱਖਣੀ ਬਹੁਤ ਹੀ ਮਹੱਤਵਪੂਰਣ ਹੁੰਦੀ ਹੈ।

ਏਸੇ ਕਰਕੇ ਹੀ ਕਨੇਡਾ ਅਤੇ ਓਨਟਾਰੀਓ ਸੂਬੇ ਦੀ ਸਰਕਾਰ ਨਵੇਂ ਆਉਣ ਵਾਲਿਆਂ ਵਾਸਤੇ ਅੰਗਰੇਜ਼ੀ ਭਾਸ਼ਾ ਦੀਆਂ ਕਲਾਸਾਂ ਉਪਲਬਧ ਕਰਦੀ ਹੈ। ਤੁਹਾਡੇ ਲਈ ਬਹੁਤ ਸਾਰੀਆਂ ਅੰਗਰੇਜ਼ੀ ਕਲਾਸਾਂ ਉਪਲਬਧ ਹਨ। ਨਵੇਂ ਆਉਣ ਵਾਲੇ ਬਾਲਗਾਂ, ਨੌਜਵਾਨਾਂ, ਬਜ਼ੁਰਗਾਂ ਅਤੇ ਅੰਤਰਰਾਸ਼ਟਰੀ ਤੌਰ ਤੇ ਸਿੱਖਿਅਤ ਪੇਸ਼ਾਵਰਾਂ ਲਈ ਕਲਾਸਾਂ ਉਪਲਬਧ ਹਨ, ਜਿਹੜੇ ਅੰਗਰੇਜ਼ੀ ਜਾਂ ਫਰੈਂਚ ਸਿੱਖਣਾ ਚਾਹੁੰਦੇ ਹਨ ਜਾਂ ਜਿਨ੍ਹਾਂ ਨੂੰ ਜ਼ਰੂਰਤ ਹੁੰਦੀ ਹੈ। ਅੰਗਰੇਜ਼ੀ ਅੱਖਰਬੋਧ ਕਲਾਸਾਂ ਵੀ ਉਪਲਬਧ ਹਨ। ਭਾਈਚਾਰਕ ਏਜੰਸੀਆਂ ਅਤੇ ਸਕੂਲ ਬੋਰਡਾਂ ਵੱਲੋਂ ਮੁਹਈਆ ਕੀਤੀਆਂ ਜਾਂਦੀਆਂ ਬਹੁਤ ਸਾਰੀਆਂ ਵੱਖ-ਵੱਖ ਕੁੱਲ-ਵਕਤੀ ਅਤੇ ਪਾਰਟ-ਟਾਈਮ ਭਾਸ਼ਾ ਕਲਾਸਾਂ `ਚੋਂ ਤੁਸੀਂ ਚੋਣ ਕਰ ਸਕਦੇ ਹੋ। ਤੁਹਾਡੇ ਕੋਲ ਦਿਨ ਦੌਰਾਨ, ਸ਼ਾਮਾਂ ਨੂੰ, ਵੀਕਐਂਡਜ਼ `ਤੇ, ਜਾਂ ਘਰੋਂ ਹੀ ਪੜ੍ਹਨ ਦੀ ਚੋਣ ਹੈ।

## ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਦੀ ਪੜ੍ਹਾਈ (ਲਿੰਕ-ਐੱਲ.ਆਈ.ਐੱਨ.ਸੀ.)

ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਦੀ ਪੜ੍ਹਾਈ (ਲਿੰਕ) ਨਵੇਂ ਆਉਣ ਵਾਲਿਆਂ ਲਈ ਇੱਕ ਅੰਗਰੇਜ਼ੀ-ਭਾਸ਼ਾ ਪੜ੍ਹਾਈ ਪ੍ਰੋਗਰਾਮ ਹੈ, ਜਿਹੜੇ ਥੋੜ੍ਹੀ ਅੰਗਰੇਜ਼ੀ ਜਾਣਦੇ ਹਨ ਜਾਂ ਬਿਲਕੁਲ ਹੀ ਨਹੀਂ ਜਾਣਦੇ, ਅਤੇ ਉਨ੍ਹਾਂ ਨੂੰ ਆਪਣੇ ਅੰਗਰੇਜ਼ੀ ਪੜ੍ਹਨ, ਲਿਖਣ, ਬੋਲਣ ਅਤੇ ਸੁਣਨ ਹੁਨਰਾਂ ਨੂੰ ਸੁਧਾਰਣ ਦੀ ਜ਼ਰੂਰਤ ਹੁੰਦੀ ਹੈ। ਪ੍ਰੋਗਰਾਮ ਸਥਾਈ ਨਿਵਾਸੀਆਂ ਅਤੇ ਕਨਵੈਨਸ਼ਨ ਰਫਿਊਜੀਆਂ ਲਈ ਮੁਫਤ ਉਪਲਬਧ ਹੈ। ਕਲਾਸਾਂ ਦੀ ਫੰਡਿੰਗ ਕਨੇਡਾ ਸਰਕਾਰ ਵੱਲੋਂ ਕੀਤੀ ਜਾਂਦੀ ਹੈ ਅਤੇ 18 ਸਾਲਾਂ ਜਾਂ ਉੱਪਰ ਦੀ ਉਮਰ ਵਾਲੇ ਤੁਹਾਡੇ ਪਰਿਵਾਰ ਦੇ ਬਾਲਗਾਂ ਲਈ ਉਪਲਬਧ ਹਨ, ਨਾ ਕਿ ਸਿਰਫ ਉਨ੍ਹਾਂ ਲਈ ਜਿਹੜੇ ਨੌਕਰੀ (ਕੰਮ) ਦੀ ਭਾਲ ਕਰ ਰਹੇ ਹੁੰਦੇ ਹਨ। ਅਸਲ ਵਿੱਚ, ਕੁਝ ਲਿੰਕ ਜਮਾਤਾਂ ਖਾਸ ਤੌਰ ਤੇ **ਨੌਜਵਾਨਾਂ** ਅਤੇ **ਬਜ਼ੁਰਗਾਂ** ਲਈ ਵਿਉਂਤੀਆਂ ਜਾਂਦੀਆਂ ਹਨ।

ਪਾਰਟ-ਟਾਈਮ, ਕੁੱਲ-ਵਕਤੀ ਕਲਾਸਾਂ ਅਤੇ ਘਰ ਵਿਚ ਪੜ੍ਹਨ ਸਮੇਤ, ਅਨੇਕਾਂ ਵੱਖ ਵੱਖ ਲਿੰਕ ਕਲਾਸਾਂ ਉਪਲਬਧ ਹਨ। ਲਿੰਕ ਕਲਾਸਾਂ `ਚੋਂ ਕਈ ਮੁਫਤ ਬਾਲ-ਸੰਭਾਲ ਅਤੇ ਕਲਾਸ ਲਈ ਆਵਾਜਾਈ ਪੇਸ਼ ਕਰਦੀਆਂ ਹਨ।

ਜੇ ਤੁਸੀਂ ਬਜ਼ੁਰਗ ਹੋ ਜਾਂ 18 ਅਤੇ 24 ਸਾਲ ਉਮਰ ਦੇ ਵਿਚਕਾਰ ਹੋ, ਤੁਹਾਡੀਆਂ ਵਿਲੱਖਣ ਜ਼ਰੂਰਤਾਂ ਲਈ ਮਦਦ ਕਰਨ ਲਈ ਵਿਸ਼ੇਸ਼ ਤੌਰ ਤੇ ਵਿਉਂਤੀਆਂ ਕਲਾਸਾਂ ਅਤੇ ਪ੍ਰੋਗਰਾਮ ਹਨ।

ਲਿੰਕ ਕਲਾਸ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਤੁਹਾਡੇ ਅੰਗਰੇਜ਼ੀ ਦੇ ਮੌਜੂਦਾ ਪੱਧਰ ਨੂੰ ਜਾਣਨ ਲਈ ਤੁਹਾਨੂੰ ਇੱਕ ਮੁਫਤ ਟੈਸਟ ਦੇਣ ਦੀ ਜ਼ਰੂਰਤ ਹੋਵੇਗੀ। ਟੈਸਟ ਕਿਸੇ ਅਸੈੱਸਮੈਂਟ ਸੈਂਟਰ ਵਿੱਚ ਲਿਆ ਜਾਂਦਾ ਹੈ। ਤੁਹਾਡਾ ਮੁਲਾਂਕਣ ਹੋ ਜਾਣ ਤੋਂ ਬਾਅਦ, ਸਟਾਫ ਤੁਹਾਡੇ ਭਾਈਚਾਰੇ ਵਿੱਚਲੀ ਕਿਸੇ ਕਲਾਸ ਦੀ ਚੋਣ ਕਰਨ ਜਾਂ ਦਾਖ਼ਲ ਹੋਣ ਵਿੱਚ ਮਦਦ ਕਰੇਗਾ, ਜਿਹੜੀ ਤੁਹਾਡੀਆਂ ਵਿਸ਼ੇਸ਼ ਭਾਸ਼ਾ ਸਿਖਲਾਈ ਜ਼ਰੂਰਤਾਂ ਪੂਰੀਆਂ ਕਰਦੀ ਹੈ।

ਆਪਣੇ ਭਾਈਚਾਰੇ ਵਿੱਚ ਕਿਸੇ ਅਸੈੱਸਮੈਂਟ ਸੈਂਟਰ ਦਾ ਪਤਾ ਕਰਨ ਲਈ **ਅਸੈੱਸਮੈਂਟ** `ਤੇ ਕਲਿੱਕ ਕਰੋ।

LEARN SPEAK LIVE ENGLISH CLASSES

# ਨੌਕਰੀ (ਕੰਮ) ਲੈਣ ਲਈ ਆਪਣੇ ਅੰਗਰੇਜ਼ੀ ਹੁਨਰਾਂ ਨੂੰ ਸੁਧਾਰੋ

## ਅੰਗਰੇਜ਼ੀ ਇੱਕ ਦੂਸਰੀ ਭਾਸ਼ਾ ਵਜੋਂ

ਕਈ ਨਵੇਂ ਆਉਣ ਵਾਲਿਆਂ ਲਈ, ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ ਭਾਸ਼ਾ ਦੀ ਪੜ੍ਹਾਈ (ਲਿੰਕ) ਅਤੇ ਸਬੰਧਤ ਕਲਾਸਾਂ ਇੱਕ ਬਦਲ ਹਨ। ਪਰ ਜੇ ਤੁਸੀਂ ਇਨ੍ਹਾਂ ਕਲਾਸਾਂ ਲਈ ਯੋਗ ਨਹੀਂ ਹੋ, ਤੁਹਾਡੇ ਲਈ ਭਾਈਚਾਰਕ ਏਜੰਸੀਆਂ ਅਤੇ ਸਕੂਲਾਂ ਵਲੋਂ ਉਪਲਬਧ ਹੋਰ ਵੀ ਬਹੁਤ ਸਾਰੀਆਂ **ਅੰਗਰੇਜ਼ੀ ਇੱਕ ਦੂਸਰੀ ਭਾਸ਼ਾ ਵਜੋਂ (ਐਸੱਲ - ਈ.ਐੱਸ.ਐੱਲ.)** ਕਲਾਸਾਂ ਹੁੰਦੀਆਂ ਹਨ।

ਕੁਝ ਮੁਢਲੀਆਂ ਅੰਗਰੇਜ਼ੀ ਕਲਾਸਾਂ ਉਨ੍ਹਾਂ ਲਈ ਹੁੰਦੀਆਂ ਹਨ, ਜਿਹੜੇ ਥੋੜ੍ਹੀ ਜਿਹੀ ਅੰਗਰੇਜ਼ੀ ਬੋਲਦੇ ਹਨ ਜਾਂ ਬਿਲਕੁਲ ਹੀ ਨਹੀਂ, ਜਦੋਂ ਕਿ ਹੋਰ ਕਲਾਸਾਂ ਉੱਪਰਲੀ ਪੱਧਰ ਜਾਂ ਮਾਹਿਰਾਨਾ ਅੰਗਰੇਜ਼ੀ ਭਾਸ਼ਾ ਕੋਰਸਾਂ ਵਾਲੀਆਂ ਹਨ। ਕੁੱਲ-ਵਕਤੀ ਅਤੇ ਪਾਰਟ-ਟਾਈਮ, ਦਿਨ, ਸ਼ਾਮ ਅਤੇ/ਜਾਂ ਵੀਕਐਂਡ ਕਲਾਸਾਂ, ਸਮੇਤ ਤੁਹਾਨੂੰ ਅਨੇਕ ਵੱਖ-ਵੱਖ ਬਦਲ ਉਪਲਬਧ ਹਨ । ਕੁਝ ਕਲਾਸਾਂ ਕਿਸੇ ਵੀ ਵੇਲੇ ਵਿਦਿਆਰਥੀਆਂ ਨੂੰ ਪ੍ਰਵਾਨ ਕਰਦੀਆਂ ਹਨ ਅਤੇ ਦੂਸਰੀਆਂ ਦੀਆਂ ਖਾਸ ਆਰੰਭ ਤਾਰੀਖ਼ਾਂ ਹੁੰਦੀਆਂ ਹਨ। ਇਨ੍ਹਾਂ ਕਲਾਸਾਂ ਵਿੱਚ ਦਾਖ਼ਲ ਹੋਣ ਲਈ ਤੁਹਾਨੂੰ ਫੀਸ ਦੇਣੀ ਪੈਂਦੀ ਹੈ।

ਤੁਹਾਡੇ ਇਲਾਕੇ ਵਿੱਚਲੇ ਜ਼ਿਆਦਾਤਰ ਸਕੂਲ ਆਪਣੇ ਸਕੂਲ ਦੇ ਕੰਮ ਦੇ ਹਿੱਸੇ ਵਜੋਂ ਬੱਚਿਆਂ ਲਈ ਵਿਸ਼ੇਸ਼ ਐਸੱਲ ਕਲਾਸਾਂ ਵੀ ਮੁਹਈਆ ਕਰਦੇ ਹਨ, ਅਤੇ ਇਹ ਮੁਫਤ ਸੇਵਾ ਹੈ।

ਆਪਣੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ ਲਈ, **www.ontarioimmigration.ca** ਜਾਂ **www.settlement.org** ਦੇਖੋ।

## ਭਾਸ਼ਾ ਸਿਖਲਾਈ ਨੂੰ ਵਧਾਉਣਾ

**ਭਾਸ਼ਾ ਸਿਖਲਾਈ ਨੂੰ ਵਧਾਉਣਾ (ਐਲਟ – ਈ.ਐੱਲ.ਟੀ.)** ਪ੍ਰੋਗਰਾਮ ਕਨੇਡਾ ਵਿੱਚ ਨਵੇਂ ਆਉਣ ਵਾਲਿਆਂ ਲਈ, ਨੌਕਰੀ (ਕੰਮ) ਦੇ ਬਜ਼ਾਰ ਵਿੱਚ ਦਾਖ਼ਲ ਹੋਣ ਲਈ, ਉਹਨਾਂ ਦੀਆਂ ਅੰਗਰੇਜ਼ੀ ਦੀਆਂ ਮੁਹਾਰਤਾਂ ਨੂੰ ਸੁਧਾਰਣ ਵਾਸਤੇ ਤਿਆਰ ਕੀਤਾ ਗਿਆ ਹੈ। ਆਮ ਕਰਕੇ, ਇਹ ਐਡਵਾਂਸਡ-ਪੱਧਰ ਦਾ ਪ੍ਰੋਗਰਾਮ *ਪੇਸ਼ਾਵਰਾਂ ਅਤੇ ਵਪਾਰ ਨਾਲ ਜੁੜੇ ਲੋਕਾਂ* ਲਈ ਹੈ, ਜੋ ਆਪਣੀ ਪਸੰਦ ਦੇ ਪੇਸ਼ੇ ਵਿੱਚ ਜਾਣਾ ਚਾਹੁੰਦੇ ਹਨ, ਪਰ ਉਹਨਾਂ ਨੂੰ ਉਸ ਪੇਸ਼ੇ ਵਿੱਚ ਕੰਮ ਕਰਨ ਲਈ ਜ਼ੋਰਦਾਰ ਅੰਗ੍ਰੇਜ਼ੀ ਮੁਹਾਰਤਾਂ ਦੀ ਲੋੜ ਹੈ।

ਐਲਟ ਪ੍ਰੋਗਰਾਮ ਵਰਕ ਪਲੇਸਮੈਂਟਸ, ਮੈਂਟਰਿੰਗ, ਇੰਟਰਨਸ਼ਿਪਸ, ਲਾਈਸੈਂਸਿੰਗ ਅਤੇ ਸਰਟੀਫਿਕੇਸ਼ਨ ਇਮਤਿਹਾਨਾਂ ਲਈ ਤਿਆਰੀ ਦੇ, ਅਤੇ ਕੰਮ ਵਾਲੀ ਥਾਂ ਵਿੱਚ ਸਭਿਆਚਾਰਕ ਜਾਣਕਾਰੀ ਸਮੇਤ, ਵਿਸ਼ੇਸ਼ ਸਿਖਲਾਈ ਵੀ ਮੁਹਈਆ ਕਰਦਾ ਹੈ ।

ਪੂਰੇ ਟੋਰਾਂਟੋ ਸ਼ਹਿਰ ਵਿੱਚ, ਪੀਲ ਰਿਜਨ ਅਤੇ ਯਾਰਕ ਰਿਜਨ ਵਿੱਚ ਮੁਹਈਆ ਕੀਤਾ ਜਾਂਦਾ ਐੱਲਟ ਪ੍ਰੋਗਰਾਮ ਨਵੇਂ ਆਉਣ ਵਾਲਿਆਂ ਲਈ ਹੈ, ਜਿਨ੍ਹਾਂ ਦੇ ਕਨੇਡੀਅਨ ਭਾਸ਼ਾ ਬੈਂਚਮਾਰਕ (ਸਲਿਬ – ਸੀ.ਐੱਲ.ਬੀ.) ਪੱਧਰ 7 ਜਾਂ ਉੱਚੇ ਹੋਣ ਦੇ ਨਾਲ ਅੰਗਰੇਜ਼ੀ ਹੁਨਰ ਪਹਿਲਾਂ ਹੀ ਚੰਗੇ ਹਨ। ਨਵੇਂ ਆਉਣ ਵਾਲੇ ਜਿਹੜੇ ਉੱਪਰਲੀ ਕਸੌਟੀ ਨੂੰ ਪੂਰਾ ਕਰਦੇ ਹਨ, ਉਹ ਆਪਣੇ ਭਾਈਚਾਰੇ ਵਿੱਚ ਭਾਈਚਾਰਕ ਏਜੰਸੀ ਜਾਂ ਸਕੂਲ ਵਿੱਚ ਸਿੱਧੇ ਹੀ ਦਾਖ਼ਲ ਹੋ ਸਕਦੇ ਹਨ।

ਜੇ ਤੁਹਾਡੀ ਐਲਟ ਪ੍ਰੋਗਰਾਮ ਵਿੱਚ ਦਿਲਚਸਪੀ ਹੈ, ਦਾਖ਼ਲ ਹੋਣ ਤੋਂ ਪਹਿਲਾਂ, ਤੁਹਾਡੇ ਅੰਗਰੇਜ਼ੀ ਭਾਸ਼ਾ ਹੁਨਰਾਂ ਜਾਂ **ਸਲਿਬ ਪੱਧਰ** ਨੂੰ ਜਾਣਨ ਲਈ ਤੁਹਾਨੂੰ ਤੁਹਾਡੇ ਭਾਈਚਾਰੇ ਵਿੱਚ ਸਥਿਤ ਕਿਸੇ ਅਸੈੱਸਮੈਂਟ ਸੈਂਟਰ ਵਿਖੇ ਮੁਫਤ ਅੰਗਰੇਜ਼ੀ ਭਾਸ਼ਾ ਟੈਸਟ ਵੀ ਲਾਜ਼ਮੀ ਤੌਰ ਤੇ ਦੇਣਾ ਪੈਂਦਾ ਹੈ।

ਜੇ ਤੁਸੀਂ ਪ੍ਰੋਗਰਾਮ ਲਈ ਯੋਗ ਨਹੀਂ ਹੁੰਦੇ, ਅਤੇ ਅੰਗਰੇਜ਼ੀ ਭਾਸ਼ਾ ਹੁਨਰਾਂ ਨੂੰ ਉਸਾਰਣ ਵਿੱਚ ਦਿਲਚਸਪੀ ਰੱਖਦੇ ਹੋ, ਕੰਮ ਵਾਲੀ ਥਾਂ ਲਈ ਭਾਸ਼ਾ ਸਿਖਲਾਈ ਲਈ ਬਰਜਿੰਗ ਪ੍ਰੋਗਰਾਮ ਮੁਹਈਆ ਕਰਦਾ ਹੈ, ਜਿਹੜਾ ਕੰਮ ਵਿੱਚ ਤੁਹਾਡੀ ਮਦਦ ਕਰੇਗਾ। **www.ontarioimmigration.ca** ਦੇ *Work in Your Profession* ਸੈਕਸ਼ਨ ਦੇਖਕੇ ਤੁਸੀਂ ਬਰਜਿੰਗ ਪ੍ਰੋਗਰਾਮਾਂ ਬਾਰੇ ਜਾਣਕਾਰੀ ਲੈ ਸਕਦੇ ਹੋ। ਵਧੇਰੇ ਜਾਣਕਾਰੀ ਲਈ ਤੁਸੀਂ **www.settlement.org** ਵੀ ਦੇਖ ਸਕਦੇ ਹੋ।

LEARN SPEAK LIVE
ENGLISH CLASSES

# ਕਲਾਸ ਦੇ ਕਮਰੇ ਤੋਂ ਬਾਹਰ ਆਪਣੇ ਅੰਗਰੇਜ਼ੀ ਹੁਨਰਾਂ ਨੂੰ ਸੁਧਾਰੋ

## ਹੋਮ ਸਟਡੀ

**ਲਿੰਕ ਹੋਮ ਸਟਡੀ** ਪ੍ਰੋਗਰਾਮ ਯੋਗ ਵਿਦਿਆਰਥੀਆਂ ਨੂੰ ਚਿੱਠੀ-ਪੱਤਰ ਕੋਰਸਾਂ (ਡਾਕ ਰਾਹੀਂ) ਜਾਂ ਇੰਟਰਨੈੱਟ ਰਾਹੀਂ ਔਨਲਾਈਨ ਹੀ ਘਰੋਂ ਹੀ ਸਿੱਖਣ ਦੀ ਦੀ ਆਗਿਆ ਦਿੰਦਾ ਹੈ। ਇਹ ਪ੍ਰੋਗਰਾਮ ਨਵੇਂ ਆਉਣ ਵਾਲਿਆਂ ਲਈ ਹੈ, ਜਿਹੜੇ ਸਥਾਈ ਨਿਵਾਸੀ ਹਨ ਅਤੇ ਇੱਕ ਐਸੀ ਥਾਂ `ਤੇ ਰਹਿੰਦੇ ਹਨ, ਜਿੱਥੇ ਲਿੰਕ ਕਲਾਸਾਂ ਉਪਲਬਧ ਨਹੀਂ ਹਨ, ਘਰ ਵਿੱਚ ਛੋਟੇ ਬੱਚੇ ਹਨ, ਜਾਂ ਲੋਕ ਜਿਹੜੇ ਕੰਮ ਕਰਦੇ ਹਨ ਅਤੇ ਕਲਾਸਾਂ ਵਿੱਚ ਹਾਜ਼ਰ ਨਹੀਂ ਹੋ ਸਕਦੇ। ਹੋਮ ਸਟਡੀ ਪ੍ਰੋਗਰਾਮ ਤੁਹਾਨੂੰ ਓਨੀ ਹੀ ਤੇਜ਼ੀ ਨਾਲ ਜਾਂ ਹੌਲੀ ਹੌਲੀ ਸਿੱਖਣ ਦਾ ਮੌਕਾ ਦਿੰਦਾ ਹੈ, ਜਿੰਨੀ ਤੁਹਾਨੂੰ ਜ਼ਰੂਰਤ ਹੁੰਦੀ ਹੈ।

ਦਾਖ਼ਲ ਹੋਣ ਲਈ, ਆਪਣੇ ਅੰਗਰੇਜ਼ੀ ਭਾਸ਼ਾ ਹੁਨਰਾਂ ਦੇ ਮੌਜੂਦਾ ਪੱਧਰ ਨੂੰ ਜਾਣਨ ਲਈ ਤੁਹਾਨੂੰ ਇੱਕ **ਅਸੈੱਸਮੈਂਟ ਟੈਸਟ** ਦੇਣਾ ਲਾਜ਼ਮੀ ਹੈ। ਟੈਸਟ ਪਿੱਛੋਂ, ਲਿੰਕ **ਹੋਮ ਸਟਡੀ** ਰਾਹੀਂ ਤੁਸੀਂ ਆਪਣੀਆਂ ਕਲਾਸਾਂ ਲਾਉਣ ਦੇ ਯੋਗ ਹੋ ਜਾਵੋਂਗੇ।

18 ਅਤੇ 24 ਸਾਲਾਂ ਦੇ ਵਿਚਕਾਰ ਦੇ **ਨਵੇਂ ਆਉਣ ਵਾਲੇ ਨੌਜਵਾਨਾਂ** ਕੋਲ ਵਿਸ਼ੇਸ਼ ਤੌਰ ਤੇ ਵਿਉਂਤੇ ਗਏ ਹੋਮ ਸਟਡੀ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਮੌਕਾ ਹੁੰਦਾ ਹੈ। ਦਾਖ਼ਲ ਹੋਣ ਲਈ ਪਹਿਲੇ ਸਫਿਆਂ `ਤੇ ਦੱਸੀਆਂ ਗਈਆਂ ਯੋਗਤਾ ਸ਼ਰਤਾਂ ਲਾਜ਼ਮੀ ਪੂਰੀਆਂ ਕਰਨੀਆਂ ਪੈਂਦੀਆਂ ਹਨ। ਇੱਕ ਵਾਰੀ ਦਾਖ਼ਲ ਹੋ ਜਾਣ `ਤੇ, ਤੁਹਾਨੂੰ ਕਿਤਾਬਾਂ ਅਤੇ ਔਨਲਾਈਨ ਸਮੱਗਰੀ ਰਾਹੀਂ ਅੰਗਰੇਜ਼ੀ ਸਿੱਖਣ ਦਾ ਮੌਕਾ ਮਿਲ ਜਾਵੇਗਾ। ਤੁਹਾਨੂੰ ਦੂਸਰੇ ਨੌਜਵਾਨਾਂ ਨਾਲ ਜੁੜਨ ਅਤੇ ਸਾਂਝ ਪਾਉਣ ਲਈ ਯੂਥ-ਰੁਝਾਣ ਵਾਲੇ ਪੋਰਟਲ ਅਤੇ ਵੈੱਬ-ਫੋਰਮ `ਤੇ ਪਹੁੰਚ ਪ੍ਰਾਪਤ ਹੋ ਜਾਵੇਗੀ। ਤੁਹਾਡੇ ਕੋਲ ਕਿਸੇ ਤਸਦੀਕਸ਼ੁਦਾ ਅਧਿਆਪਕ ਨਾਲ ਹਫਤਾਵਾਰ ਟੈਲੀਫੋਨ ਗੱਲ-ਬਾਤ ਕਰਨ ਦਾ ਬਦਲ ਵੀ ਹੋਏਗਾ।

**ਨਵੇਂ ਆਉਣ ਵਾਲੇ ਸੀਨੀਅਰਜ਼** ਜਿਹੜੇ ਕਲਾਸਾਂ ਲਈ ਯੋਗ ਹੁੰਦੇ ਹਨ ਤਸਦੀਕਸ਼ੁਦਾ ਅਧਿਆਪਕਾਂ ਵੱਲੋਂ ਸੇਧ ਵਾਲੀਆਂ ਹਫਤਾਵਾਰੀ ਕਲਾਸਰੂਮ ਸੈਸ਼ਨਾਂ ਤੋਂ ਇਲਾਵਾ ਉਨ੍ਹਾਂ ਨੂੰ ਵੀ ਔਨਲਾਈਨ ਅਤੇ ਪ੍ਰਿੰਟ ਵਸੀਲਿਆਂ `ਤੇ ਪਹੁੰਚ ਹਾਸਲ ਹੋ ਜਾਂਦੀ ਹੈ। ਬਜ਼ੁਰਗਾਂ ਦੀਆਂ ਖਾਸ ਜ਼ਰੂਰਤਾਂ ਅਤੇ ਦਿਲਚਸਪੀਆਂ ਦੁਆਲੇ ਪੜ੍ਹਾਈ ਸਮੱਗਰੀ ਨੂੰ ਤਰਤੀਬਬੱਧ ਕੀਤਾ ਜਾਂਦਾ ਹੈ।

ਹੋਮ ਸਟਡੀ ਪ੍ਰੋਗਰਾਮ ਬਾਰੇ ਵਧੇਰੇ ਜਾਣਨ ਲਈ **www.tcet.com** ਦੇਖੋ।

## ਕਿਸੇ ਨਾਲ ਗੱਲ ਕਰੋ ਜਿਹੜਾ ਮਦਦ ਕਰ ਸਕਦਾ ਹੈ – ਤੁਹਾਡੀ ਭਾਸ਼ਾ ਵਿੱਚ

**ਪੀਲ ਰਿਜਨ** ਵਿੱਚ ਹੋਰ ਸਹਾਇਤਾ ਲਈ, ਕਿਰਪਾ ਕਰਕੇ **905.766.2300** ਨੂੰ ਕਾਲ ਕਰੋ।

ਜੇ ਤੁਸੀਂ **ਯਾਰਕ ਰਿਜਨ** ਵਿੱਚ ਰਹਿੰਦੇ ਹੋ ਅਤੇ ਕਿਸੇ ਨਾਲ ਸਿੱਧੀ ਗੱਲ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ **1.877.322.5277** ਨੂੰ ਕਾਲ ਕਰੋ। ਵਾਧੂ ਵਸੇਵਾਂ ਅਤੇ ਰੁਜ਼ਗਾਰ ਸਹਾਇਤਾ ਸੇਵਾਵਾਂ ਲਈ, ਤੁਸੀਂ ਵੈਲਕਮ ਸੈਂਟਰ ਨੂੰ 905-761-1155`ਤੇ ਕਾਲ ਕਰ ਸਕਦੇ ਹੋ।

ਜੇ ਤੁਸੀਂ **ਟੋਰਾਂਟੋ ਸ਼ਹਿਰ** ਵਿੱਚ ਰਹਿੰਦੇ ਹੋ, ਕਿਰਪਾ ਕਰਕੇ **416.364.4888** ਨੂੰ ਕਾਲ ਕਰੋ।

**ਫੋਨ ਕਰਨ ਵੇਲੇ, ਕਿਰਪਾ ਕਰਕੇ ਆਪਣਾ ਨਾਮ, ਥਾਂ, ਅਤੇ ਦਿਨ ਦੇ ਵਕਤ ਦਾ ਫੋਨ ਨੰਬਰ, ਜਿਸ `ਤੇ ਤੁਹਾਡੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ, ਦੇਣਾ ਯਾਦ ਰੱਖੋ। ਤੁਹਾਡੀ ਕਾਲ ਦਾ 24 ਘੰਟਿਆਂ ਦੇ ਅੰਦਰ ਅੰਦਰ ਜਵਾਬ ਦਿੱਤਾ ਜਾਵੇਗਾ।**